ਸੰਯੁਕਤ ਰਾਜ ਨਿਆ ਵਿਭਾਗ
ਨਾਗਰਿਕ ਅਧਿਕਾਰ ਡਿਵੀਜ਼ਨ

**ਹਾਊਿ ੰਗ ਅਤ ਸਿਵਲ ਇਨਫੋਰਸਮੈਂਟ ਸੈਕਸ਼ਨ**
justice.gov/crt/housing-and-civil-enforcement-section

*ਆਪਣੇ ਅਧਿਕਾਰਾਂ ਨੂੰ ਜਾਣੋ*

# 1964 ਦੇ ਨਾਗਰਿਕ ਅਧਿਕਾਰ ਐਕਟ ਦਾ ਟਾਈਟਲ II (ਸਿਰਲੇਖ II): ਜਨਤਕ ਸਹੂਲਤਾਂ ਵਾਲੇ ਸਥਾਨਾਂ 'ਤੇ ਅਭੇਦਭਾਵ

ਸੰਘੀ ਨਾਗਰਿਕ ਅਧਿਕਾਰ ਕਨੂੰਨ - 1964 ਦੇ ਸਿਵਲ ਰਾਈਟਸ ਐਕਟ ਦਾ ਟਾਈਟਲ II – ਜਨਤਕ ਸਹੂਲਤਾਂ ਦੀਆਂ ਥਾਂਵਾਂ ਨੂੰ ਨਿਮਨਲਿਖਤ ਕਾਰਨਾਂ ਕਰਕੇ ਲੋਕਾਂ ਨਾਲ ਭੇਦਭਾਵ ਕਰਨ ਤੋਂ ਮਨ੍ਹਾ ਕਰਦਾ ਹੈ:

- ਨਸਲ
- ਰੰਗ
- ਕੌਮੀ ਮੂਲ
- ਧਰਮ

ਜਨਤਕ ਸਥਾਨ ਨਿੱਜੀ-ਮਲਕੀਅਤ ਵਾਲੇ ਥਾਂ ਹੁੰਦੇ ਹਨ ਜੋ ਆਮ ਜਨਤਾ ਲਈ ਖੁੱਲ੍ਹੇ ਰਹਿੰਦੇ ਹਨ ਅਤੇ ਸੇਵਾ ਪ੍ਰਦਾਨ ਕਰਦੇ ਹਨ, ਜਿਸ ਵਿੱਚ ਰੈਸਟੋਰੈਂਟ, ਹੋਟਲ, ਗੈਸ ਸਟੇਸ਼ਨ, ਅਤੇ ਪ੍ਰਦਰਸ਼ਨੀ ਜਾਂ ਮਨੋਰੰਜਨ ਦੇ ਸਥਾਨ (ਜਿਵੇਂ ਕਿ ਲਾਈਵ ਸੰਗੀਤ ਵਾਲੀ ਬਾਰ, ਇੱਕ ਸਪੋਰਟਸ ਸਟੇਡੀਅਮ, ਜਾਂ ਸਿਨੇਮਾ) ਸ਼ਾਮਲ ਹਨ। ਟਾਈਟਲ II ਜਨਤਾ ਲਈ ਖੁੱਲ੍ਹੇ ਸਾਰੇ ਕਾਰੋਬਾਰਾਂ ਨੂੰ ਸ਼ਾਮਲ ਨਹੀਂ ਕਰਦਾ; ਉਦਾਹਰਨ ਲਈ, ਪਰਚੂਨ ਦੀਆਂ ਦੁਕਾਨਾਂ ਜਿੰਨ੍ਹਾਂ ਵਿੱਚ ਜਨਤਕ ਖੇਤਰ ਨਹੀਂ ਹੁੰਦੇ ਜਿੱਥੇ ਗਾਹਕ ਭੋਜਨ ਖਰੀਦ ਅਤੇ ਖਾ ਸਕਦੇ ਹਨ, ਨੂੰ ਸ਼ਾਮਲ ਨਹੀਂ ਕੀਤਾ ਜਾਂਦਾ।

## ਟਾਈਟਲ II ਦੇ ਤਹਿਤ ਤੁਹਾਡੇ ਨਾਗਰਿਕ ਅਧਿਕਾਰ

- ਤੁਹਾਨੂੰ ਜਨਤਕ ਸਹੂਲਤਾਂ ਵਾਲੇ ਕਿਸੇ ਵੀ ਸਥਾਨ 'ਤੇ ਵਸਤੂਆਂ, ਸੇਵਾਵਾਂ, ਸੁਵਿਧਾਵਾਂ, ਵਿਸ਼ੇਸ਼ ਅਧਿਕਾਰਾਂ, ਫਾਇਦਿਆਂ ਅਤੇ ਪ੍ਰਬੰਧਾਂ ਦਾ ਪੂਰਾ ਅਤੇ ਬਰਾਬਰ ਦਾ ਅਨੰਦ ਲੈਣ ਦਾ ਅਧਿਕਾਰ ਹੈ।

- ਜਨਤਕ ਸਹੂਲਤਾਂ ਵਾਲੀ ਜਗ੍ਹਾ ਤੁਹਾਡੀ ਨਸਲ, ਰੰਗ, ਕੌਮੀ ਮੂਲ, ਜਾਂ ਧਰਮ ਦੇ ਕਰਕੇ ਤੁਹਾਡੇ ਨਾਲ ਹੋਰਨਾਂ ਗਾਹਕਾਂ ਨਾਲੋਂ ਬਦਤਰ ਵਿਹਾਰ ਨਹੀਂ ਕਰ ਸਕਦੀ।

- ਤੁਹਾਨੂੰ ਉਸ ਸਮੇਂ ਖੁਦ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੁੰਦਾ ਹੈ ਜਦੋਂ ਤੁਹਾਨੂੰ ਲਗਦਾ ਹੈ ਕਿ ਜਨਤਕ ਸਹੂਲਤਾਂ ਵਾਲੇ ਸਥਾਨ ਦੁਆਰਾ ਤੁਹਾਡੇ ਨਾਲ ਭੇਦਭਾਵ ਕੀਤਾ ਗਿਆ ਹੈ। ਟਾਈਟਲ II ਭੇਦਭਾਵ ਨੂੰ ਰੋਕਣ ਲਈ ਤੁਹਾਨੂੰ ਇੱਕ ਅਦਾਲਤੀ ਆਦੇਸ਼ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ; ਤੁਸੀਂ ਟਾਈਟਲ II ਦੇ ਤਹਿਤ ਪੈਸੇ ਦਾ ਹਰਜਾਨਾ ਪ੍ਰਾਪਤ ਨਹੀਂ ਕਰ ਸਕਦੇ।

- ਸਿਵਲ ਰਾਈਟਸ ਡਿਵੀਜ਼ਨ ਉੱਥੇ ਟਾਈਟਲ II ਦਾ ਮੁਕੱਦਮਾ ਦਾਇਰ ਕਰ ਸਕਦੀ ਹੈ ਜਿੱਥੇ ਭੇਦਭਾਵ ਦਾ ਕੋਈ ਢਾਂਚਾ ਜਾਂ ਪ੍ਰਥਾ ਹੈ।

## ਸਾਡ ਨਾਲ ਸੰਪਰਕ ਕਰੋ

ਜ ਤਸੀ ਵਿਸ਼ਵਾਸ ਕਰਦ ਹ ਕਿ ਨਸਲ, ਰੰਗ, ਧਰਮ, ਜਾ ਕੌਮੀ ਮੂਲ ਦੇ ਕਾਰਨ ਤਹਾਨ ਕਿਸੇ ਜਨਤਕ ਸਥਾਨ ਤੱਕ ਪਹੰਚ ਤੋਂ ਜਾ ਬਰਾਬਰ ਦਾ ਅਨਦ ਲਣ ਤੋਂ ਇਨਕਾਰ ਕੀਤਾ ਗਿਆ ਹੈ ਅਤੇ ਉਥੇ ਇਸ ਕਿਸਮ ਦੇ ਭਦਭਾਵ ਦਾ ਕੋਈ ਢਾਚਾ ਜਾ ਪ੍ਰਥਾ ਹੈ, ਤਾ ਤਸੀ ਨਿਆ ਵਿਭਾਗ ਨਾਲ ਸਪਰਕ ਕਰ ਸਕਦੇ ਹੋ:

ਫਨ ਰਾਹੀ:
**202-514-4713 ਜਾਂ 800-896-7743,**

ਈ ਮਲ ਰਾਹੀ:
**fairhousing@usdoj.gov,**
ਜਾ

ਸਾਡ ਔਨਲਾਈਨ ਪੋਰਟਲ ਦੀ ਵਰਤੋਂ ਕਰਕੇ:
civilrights.justice.gov

ਸੰਯੁਕਤ ਰਾਜ ਨਿਆਂ ਵਿਭਾਗ
ਨਾਗਰਿਕ ਅਧਿਕਾਰ ਡਿਵੀਜ਼ਨ

**ਹਾਊਸਿੰਗ ਅਤੇ ਸਿਵਲ ਇਨਫੋਰਸਮੈਂਟ ਸੈਕਸ਼ਨ**
justice.gov/crt/housing-and-civil-enforcement-section

# ਟਾਈਟਲ II ਲਾਗੂਕਰਨ ਦੀਆਂ ਉਦਾਹਰਨਾਂ

- ਹੋਟਲ ਅਤੇ ਸਪੋਰਟਸ ਬਾਰ ਨੇ ਮਲ ਅਮਰੀਕੀ ਗਾਹਕਾਂ ਨਾਲ ਭੇਦਭਾਵ ਕੀਤਾ

ਸੰਯਕਤ ਰਾਜ ਬਨਾਮ ਰੈਟਸਲ ਕਾਰਪੋਰੇਸ਼ਨ (2023) ਵਿੱਚ, ਡਿਵੀਜ਼ਨ ਨੇ ਇੱਕ ਹੋਟਲ ਅਤੇ ਬਾਰ ਦੇ ਮਾਲਕਾਂ ਦੇ ਖਿਲਾਫ ਜਨਤਕ ਟਿੱਪਣੀਆਂ ਕਰਨ ਲਈ ਮੁਕੱਦਮਾ ਦਾਇਰ ਕੀਤਾ ਕਿ ਮਲ ਅਮਰੀਕੀਆਂ ਨੂੰ ਸੰਪਤੀ 'ਤੇ ਜਾਣ ਦੀ ਆਗਿਆ ਨਹੀਂ ਸੀ ਅਤੇ ਹੋਟਲ ਦੇ ਕਮਰੇ ਬੁੱਕ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੂਲ ਅਮਰੀਕੀਆਂ ਨੂੰ ਮੋੜ ਦਿੱਤਾ ਗਿਆ ਸੀ। ਸਮਝੌਤੇ ਦੇ ਤਹਿਤ ਮਾਲਕਾਂ ਦੇ ਲਈ ਅਭੇਦਭਾਵ ਦੀ ਨੀਤੀ ਨੂੰ ਅਪਣਾਉਣਾ ਲਾਜ਼ਮੀ ਸੀ, ਮਾਲਕਾਂ ਵਿੱਚੋਂ ਇੱਕ ਨੂੰ ਕੰਪਨੀ ਦੀ ਅਗਵਾਈ ਕਰਨ ਜਾਂ ਚਾਰ ਸਾਲਾਂ ਲਈ ਹੋਟਲ ਦਾ ਪ੍ਰਬੰਧਨ ਕਰਨ ਤੋਂ ਰੋਕ ਦਿੱਤਾ ਗਿਆ, ਅਤੇ ਮਾਲਕਾਂ ਨੂੰ ਦੱਖਣੀ ਡਕੋਟਾ ਅਤੇ ਗ੍ਰੇਟ ਪਲੇਨਜ਼ ਖੇਤਰ ਵਿੱਚ ਕਬਾਇਲੀ ਸੰਗਠਨਾਂ ਤੋਂ ਜਨਤਕ ਤੌਰ 'ਤੇ ਮੁਆਫੀ ਮੰਗਣ ਲਈ ਕਿਹਾ।

- ਸਪੋਰਟਸ ਬਾਰ ਦੀਆਂ ਪ੍ਰਥਾਵਾਂ ਅਨਸਾਰ ਨਸਲ ਅਤੇ ਕੌਮੀ ਮੂਲ ਦੇ ਆਧਾਰ ਤੇ ਦਾਖਲੇ ਤੋਂ ਨਿਰਉਤਸ਼ਾਹਿਤ ਕੀਤਾ

ਸੰਯਕਤ ਰਾਜ ਅਮਰੀਕਾ ਬਨਾਮ ਜਰਾਹ (2018), ਡਿਵੀਜ਼ਨ ਨੇ ਭੇਦਭਾਵਪੂਰਨ ਦਾਖਲਾ ਪ੍ਰਥਾਵਾਂ ਕਰਕੇ ਇੱਕ ਸਪੋਰਟਸ ਬਾਰ ਉੱਤੇ ਮੁਕੱਦਮਾ ਦਾਇਰ ਕੀਤਾ। ਸਪੋਰਟਸ ਬਾਰ ਦੇ ਮਾਲਕਾਂ ਨੇ ਕਰਮਚਾਰੀਆਂ ਨੂੰ ਸਪੱਸ਼ਟ ਤੌਰ 'ਤੇ ਨਿਰਦੇਸ਼ ਜਾਰੀ ਕੀਤਾ ਸੀ ਕਿ ਉਹ ਕਾਲੇ, ਹਿਸਪੈਨਿਕ ਅਤੇ ਏਸ਼ੀਆਈ-ਅਮਰੀਕਨ ਗਾਹਕਾਂ ਨੂੰ ਦਾਖਲੇ ਤੋਂ ਇਨਕਾਰ ਕਰਨ, ਅਤੇ ਨਸਲੀ ਅਪਸ਼ਬਦਾਂ ਦੀ ਵਰਤੋਂ ਕਰਦੇ ਹੋਏ ਨਿਰਦੇਸ਼ ਜਾਰੀ ਕੀਤਾ। ਸਮਝੌਤੇ ਦੇ ਤਹਿਤ, ਮਾਲਕਾਂ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਸੀ ਕਿ ਬਾਰ ਦੇ ਕਰਮਚਾਰੀ ਟਾਈਟਲ II ਦੇ ਭੇਦਭਾਵ-ਵਿਰੋਧੀ ਪ੍ਰਬੰਧਾਂ ਦੀ ਪਾਲਣਾ ਕਰਨ। ਇਸ ਸਮਝੌਤੇ ਦੇ ਤਹਿਤ ਮਾਲਕਾਂ ਲਈ ਵਿਤਕਰੇ ਦੀਆਂ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਜਾਂਚ ਕਰਨ ਲਈ ਇੱਕ ਪ੍ਰਣਾਲੀ ਬਣਾਉਣਾ ਵੀ ਲਾਜ਼ਮੀ ਸੀ।

- ਹੋਟਲ ਨੇ ਰਾਸ਼ਟਰੀ ਮੂਲ ਦੇ ਆਧਾਰ 'ਤੇ ਸਲਾਨਾ ਸੰਮੇਲਨ ਦੀ ਮੇਜ਼ਬਾਨੀ ਕਰਨ ਦੀ ਪੇਸ਼ਕਸ਼ ਨੂੰ ਰੱਦ ਕੀਤਾ

ਮਿਡਵੈਸਟ ਫੈਡਰੇਸ਼ਨ ਆਫ ਅਮਰੀਕਨ ਸੀਰੀਅਨ-ਲੈਬਨੀਜ਼ ਕਲੱਬਜ਼ ਨੇ ਸ਼ਿਕਾਇਤ ਕੀਤੀ ਕਿ ਮੈਰੀਆਟ ਇੰਟਰਨੈਸ਼ਨਲ ਨੇ 11 ਸਤੰਬਰ, 2001 ਦੀ ਦੁਪਹਿਰ ਨੂੰ ਟਾਈਟਲ II ਦੀ ਉਲੰਘਣਾ ਕੀਤੀ, ਜਦੋਂ ਮੈਰੀਆਟ ਨੇ ਡੇਸ ਮੋਇਨਜ਼ ਵਿੱਚ ਮਿਡਵੈਸਟ ਫੈਡਰੇਸ਼ਨ ਦੇ 2002 ਦੇ ਸਾਲਾਨਾ ਸੰਮੇਲਨ ਦੀ ਮੇਜ਼ਬਾਨੀ ਕਰਨ ਦੀ ਆਪਣੀ ਪਹਿਲੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ। ਸੰਯਕਤ ਰਾਜ ਅਮਰੀਕਾ ਨਾਲ ਸਮਝੌਤੇ ਵਿੱਚ, ਮੈਰੀਅਟ ਨੇ ਆਪਣੇ ਵਤੀਰੇ ਲਈ ਰਸਮੀ ਲਿਖਤੀ ਮੁਆਫੀ ਮੰਗਣ ਅਤੇ ਹੋਰ ਰਾਹਤ ਲਈ ਸਹਿਮਤੀ ਦਿੱਤੀ।

## *ਇਹ ਸਥਿਤੀਆਂ ਵੀ ਟਾਈਟਲ II ਦੀ ਉਲੰਘਣਾ ਕਰ ਸਕਦੀਆਂ ਹਨ:*

- ਇੱਕ ਹੋਟਲ ਕਾਲ ਮਹਿਮਾਨਾ ਤੋਂ ਗੋਰ ਮਹਿਮਾਨਾ ਨਾਲ ਵੱਧ ਰੇਟ ਵਸਲਦਾ ਹੈ ਜਾ ਕਾਲ ਮਹਿਮਾਨਾ ਨ ਲਗਜ਼ਰੀ ਕਮਰੇ ਕਿਰਾਏ ਤੇ ਲਣ ਦਾ ਅਧਿਕਾਰ ਨਹੀ ਦਿੰਦਾ, ਪਰ ਗੋਰ ਮਹਿਮਾਨਾ ਨ ਇਨਕਾਰ ਨਹੀ ਕਰਦਾ।
- ਇੱਕ ਬਾਰ ਸਿੱਖ ਗਾਹਕਾ ਨ ਇਸ ਲਈ ਵਾਪਸ ਭਜ ਦਿਦਾ ਹੈ ਕਿਉਕਿ ਉਹਨਾ ਨੇ ਪੱਗਾ ਬੰਨ੍ਹੀਆ ਹੋਈਆ ਹਨ। ਬਾਰ ਗਾਹਕਾ ਨ ਦੱਸਦਾ ਹੈ ਕਿ ਉਹ ਕੇਵਲ ਬੇਸਬਾਲ ਅਤੇ ਕਾਉਬੁਆਏ ਟੋਪੀਆ ਪਹਿਨਣ ਦੀ ਹੀ ਆਗਿਆ ਦਿੰਦ ਹਨ।
- ਇੱਕ ਜਨਤਕ ਬੀਚ ਕਲਬ ਆਪਣ ਮੈਂਬਰਾ ਨ ਸਲਾਹ ਦਿਦਾ ਹੈ ਕਿ ਕਲਬ ਯਹਦੀਆ ਨ ਦਾਖਲਾ ਨਹੀ ਦਿਦਾ ਅਤ ਮਬਰ ਯਹਦੀ ਮਹਿਮਾਨਾ ਨ ਕਲਬ ਦੀਆ ਸਵਿਧਾਵਾ ਦੀ ਵਰਤੋਂ ਕਰਨ ਲਈ ਸੱਦਾ ਨਾ ਦੇਣ।
- ਇੱਕ ਰੈਸਟੋਰੈਂਟ ਵਿੱਚ ਏਸ਼ੀਆਈ ਅਮਰੀਕਨ ਗਾਹਕ ਸਰਵ ਕੀਤੇ ਜਾਣ ਵਾਸਤੇ ਇੱਕ ਘਟੇ ਤੱਕ ਉਡੀਕ ਕਰਦ ਹਨ, ਜਦਕਿ ਗੋਰ ਗਾਹਕਾ ਨ ਨਿਯਮਤ ਤੌਰ ਤੇ ਤਰੰਤ ਸਵਾ ਦਿੱਤੀ ਜਾਦੀ ਹੈ।